# ਪ੍ਰਮੁੱਖ ਸੰਕਲਪ

ਕਾਂਗਰਸ ਘੋਸ਼ਣਾ-ਪੱਤਰ
ਲੋਕ ਸਭਾ ਚੋਣਾਂ
2019

## 1 ਗਰੀਬੀ ਖਤਮ ਕਰਨ ਲਈ ਨਿਊਨਤਮ ਆਮਦਨ ਦੀ ਗਾਰੰਟੀ ਜਾਂ ਨਿਊਨਤਮ ਆਯ ਯੌਜਨਾ (Nyuntam Aay Yojana-NYAY)

ਸਾਰੇ ਭਾਰਤੀਆਂ ਲਈ ਸਵੈਮਾਨ ਭਰਪੂਰ ਜ਼ਿੰਦਗੀ ਸੁਨਿਸ਼ਚਿਤ ਕਰਨ ਲਈ, ਕਾਂਗਰਸ ਨਿਊਨਤਮ ਆਯ ਯੋਜਨਾ (Nyuntam Aay Yojana-NYAY) ਸ਼ੁਰੂ ਕਰੇਗੀ, ਜਿਸਦੇ ਤਹਿਤ ਭਾਰਤ ਦੇ 20% ਪ੍ਰਤੀਸ਼ਤ ਸਭ ਤੋਂ ਗਰੀਬ ਘਰਾਂ ਨੂੰ ਹਰ ਸਾਲ 72,000 ਰੁਪਏ ਦਿੱਤੇ ਜਾਣਗੇ। ਜਿੱਥੋਂ ਤੱਕ ਹੋ ਸਕਿਆ,ਇਹ ਪੈਸੇ ਘਰ ਦੀ ਕਿਸੇ ਔਰਤ ਮੈਂਬਰ ਦੇ ਬੈਂਕ ਖਾਤੇ ਵਿੱਚ ਦਿੱਤੇ ਜਾਣਗੇ।

## 2 ਰੁਜ਼ਗਾਰ ਕ੍ਰਾਂਤੀ

ਭਾਰਤ ਦੇ ਨੌਜਵਾਨਾਂ ਲਈ, ਸਰਕਾਰੀ ਅਤੇ ਨਿੱਜੀ ਖੇਤਰ ਵਿਚ ਰੁਜ਼ਗਾਰ ਮੁਹੱਈਆ ਕਰਾਉਣਾ ਕਾਂਗਰਸ ਦੀ ਅੱਵਲ ਪਹਿਲ ਹੈ, ਅਸੀਂ ਨੌਜਵਾਨਾਂ ਲਈ ਸਰਕਾਰੀ ਅਤੇ ਨਿੱਜੀ ਖੇਤਰ ਵਿੱਚ 34 ਲੱਖ ਨੌਕਰੀਆਂ ਸੁਨਿਸ਼ਚਿਤ ਕਰਨ ਦਾ ਵਾਅਦਾ ਕਰਦੇ ਹਾਂ। ਇਸ ਲਈ ਹੇਠ ਲਿਖੇ ਕਦਮ ਚੁੱਕੇ ਜਾਣਗੇ :

i. ਮਾਰਚ 2020 ਤੋਂ ਪਹਿਲਾਂ ਕੇਂਦਰ ਸਰਕਾਰ ਅਧੀਨ ਸਾਰੀਆਂ 4 ਲੱਖ ਅਸਾਮੀਆਂ ਭਰੀਆਂ ਜਾਣਗੀਆਂ।
ii. ਰਾਜ ਸਰਕਾਰ ਨੂੰ ਰਾਜ ਵਿੱਚ ਪਈਆਂ ਖਾਲੀ ਅਸਾਮੀਆਂ ਨੂੰ ਭਰਨ ਲਈ ਮਨਾਇਆ ਜਾਵੇਗਾ।
iii. ਹਰ ਗ੍ਰਾਮ ਪੰਚਾਇਤ ਅਤੇ ਸ਼ਹਿਰੀ ਸਥਾਨਕ ਅਦਾਰੇ ਵਿੱਚ ਲਗਭਗ 10 ਲੱਖ ਨਵੇਂ 'ਸੇਵਾ ਮਿੱਤਰ' ਨਾਮਕ ਪਦ ਬਣਾਏ ਜਾਣਗੇ।

ਅਸੀਂ ਨਿੱਜੀ ਖੇਤਰ ਵਿੱਚ ਨੌਕਰੀਆਂ ਵਧਾਉਣ ਲਈ ਹੇਠਾਂ ਲਿਖੇ ਅਨੁਸਾਰ ਰਸਤਾ ਬਣਾਵਾਂਗੇ :

i. ਨੌਕਰੀਆਂ ਪੈਦਾ ਕਰਨ ਲਈ ਰੁਜ਼ਗਾਰ ਦੇਣ ਵਾਲੇ ਕਾਰੋਬਾਰਾਂ ਨੂੰਉਤਸ਼ਾਹਿਤ ਕੀਤਾ ਜਾਵੇਗਾ ਜਿਸ ਨਾਲ ਕਿ ਔਰਤਾਂ ਨੂੰ ਵੀ ਰੁਜ਼ਗਾਰ ਦੇ ਵਧੇਰੇ ਮੌਕੇ ਮਿਲਣ।
ii. 100 ਤੋਂ ਵੱਧ ਕਰਮਚਾਰੀਆਂ ਵਾਲੇ ਵਪਾਰ ਵਿੱਚ ਅਪਰੈਂਟਸ਼ਿਪ ਪ੍ਰੋਗਰਾਮ (apprenticeship programme) ਲਾਗੂ ਕਰਨ 'ਤੇ ਜ਼ੋਰ ਦਿੱਤਾ ਜਾਵੇਗਾ।

## 3 ਕਿਸਾਨ ਅਤੇ ਖੇਤ ਮਜ਼ਦੂਰ

ਕਾਂਗਰਸ, ਕਿਸਾਨਾਂ ਨੂੰ 'ਕਰਜ਼ ਮਾਫ਼ੀ' ਤੋਂ 'ਕਰਜ਼ ਮੁਕਤੀ' ਦੇ ਰਾਹ ਉੱਪਰ ਲਿਆਉਣ ਲਈ ਠੋਸ ਕਦਮ ਚੁੱਕਣ ਦਾ ਵਾਅਦਾ ਕਰਦੀ ਹੈ।ਇਹ ਟੀਚਾ ਲਾਹੇਵੰਦ ਭਾਅ,ਘੱਟ ਲਾਗਤ ਖਰਚ ਅਤੇ ਕਿਸਾਨਾਂ ਦੀ ਸੰਸਥਾਗਤ ਕਰਜ਼ ਤੱਕ ਸੁਨਿਸ਼ਚਿਤ ਪਹੁੰਚ ਯਕੀਨੀ ਬਣਾ ਕੇ ਪੂਰਾ ਕੀਤਾ ਜਾਵੇਗਾ। ਅਸੀਂ ਹਰ ਸਾਲ ਇੱਕ ਵੱਖਰਾ 'ਕਿਸਾਨ ਬਜਟ' ਪੇਸ਼ ਕਰਾਂਗੇ। ਅਸੀਂ ਖੇਤੀਬਾੜੀ ਵਿਕਾਸ ਅਤੇ ਯੋਜਨਾ ਉੱਤੇ ਇੱਕ ਸਥਾਈ ਰਾਸ਼ਟਰੀ ਕਮਿਸ਼ਨ ਵੀ ਸਥਾਪਿਤ ਕਰਾਂਗੇ।

## 4 ਸਭ ਲਈ ਸਿਹਤ ਸੇਵਾਵਾਂ

ਕਾਂਗਰਸ ਸਭ ਲਈ ਸਿਹਤ ਦਾ ਅਧਿਕਾਰ ਕਾਨੂੰਨ ਲਾਗੂ ਕਰਨ ਦਾ ਵਾਅਦਾ ਕਰਦੀ ਹੈ। ਹਰ ਨਾਗਰਿਕ ਨੂੰ ਸਰਕਾਰੀ ਹਸਪਤਾਲਾਂ ਅਤੇ ਸੂਚੀਬੱਧ ਨਿੱਜੀ ਹਸਪਤਾਲਾਂ ਦੇ ਇੱਕ ਨੈਟਵਰਕ ਦੁਆਰਾ ਮੁਫ਼ਤ ਜਾਂਚ, ਮੁਫ਼ਤ ਦੇਖ-ਭਾਲ, ਮੁਫ਼ਤ ਦਵਾਈਆਂ, ਇਲਾਜ ਅਤੇ ਹਸਪਤਾਲ ਵਿੱਚ ਦਾਖ਼ਲੇ ਦੀ ਗਾਰੰਟੀ ਮਿਲੇਗੀ । ਅਸੀਂ ਸਿਹਤ ਸੇਵਾਵਾਂ ਉੱਤੇ ਖ਼ਰਚ ਦੋਗੁਣਾ ਕਰਕੇ ਸਾਲ 2023-24 ਤੱਕ ਇਸਨੂੰ ਜੀ.ਡੀ.ਪੀ ਦਾ 3 % ਤੱਕ ਵਧਾਵਾਂਗੇ।

## 5 ਜੀ.ਐੱਸ.ਟੀ 2.0

ਕਾਂਗਰਸ ਇੱਕ ਟੈਕਸ ਦਰ, ਨਿਰਯਾਤ ਦੀ ਜ਼ੀਰੋ ਰੇਟਿੰਗ ਅਤੇ ਜਰੂਰੀ ਵਸਤੂਆਂ ਅਤੇ ਸੇਵਾਵਾਂ ਉੱਤੇ ਛੋਟ ਨਾਲ ਜੀ.ਐੱਸ.ਟੀ. ਨੂੰ ਸਹੀ ਅਰਥਾਂ ਵਿੱਚ ਸਰਲ ਅਤੇ ਆਸਾਨ ਬਣਾਏਗੀ।ਅਸੀਂ ਪੰਚਾਇਤਾਂ ਅਤੇ ਨਗਰ ਪਾਲਿਕਾਵਾਂ ਨੂੰ ਵੀ ਜੀ.ਐੱਸ.ਟੀ. ਮਾਲੀਏ ਦਾ ਇੱਕ ਹਿੱਸਾ ਦੇਣ ਦਾ ਵਾਅਦਾ ਕਰਦੇ ਹਾਂ।

## 6 ਹਥਿਆਰਬੰਦ ਬਲ ਅਤੇ ਅਰਧਸੈਨਿਕ ਬਲ

ਐੱਨ.ਡੀ.ਏ. ਸਰਕਾਰ ਦੌਰਾਨ ਰੱਖਿਆ ਖਰਚ ਵਿੱਚ ਆਈ ਗਿਰਾਵਟ ਦੀ ਪ੍ਰਵਿਰਤੀ ਨੂੰ ਕਾਂਗਰਸ ਬਦਲੇਗੀ ਅਤੇ ਹਥਿਆਰਬੰਦ ਬਲਾਂ ਦੀਆਂ ਲੋੜਾਂ ਪੂਰੀਆਂ ਕਰਨ ਲਈ ਇਸ ਖਰਚ ਨੂੰ ਵਧਾਏਗੀ।ਕਾਂਗਰਸ ਪਾਰਦਰਸ਼ੀ ਤਰੀਕੇ ਨਾਲ ਹਥਿਆਰਬੰਦ ਬਲਾਂ ਦੇ ਸਾਰੇ ਆਧੁਨਿਕੀਕਰਨ ਪ੍ਰੋਗਰਾਮਾਂ ਵਿੱਚ ਤੇਜ਼ੀ ਲਿਆਵੇਗੀ। ਅਸੀਂ ਆਪਣੇ ਅਰਧਸੈਨਿਕ ਬਲਾਂ ਅਤੇ ਉਨ੍ਹਾਂ ਦੇ ਪਰਿਵਾਰਾਂ ਲਈ ਸਮਾਜਿਕ ਸੁਰੱਖਿਆ,ਸਿੱਖਿਆ ਅਤੇ ਸਿਹਤ ਸੁਵਿਧਾਵਾਂ ਵਿੱਚ ਸੁਧਾਰ ਕਰਾਂਗੇ।

## 7 ਹਰੇਕ ਬੱਚੇ ਲਈ ਗੁਣਵੱਤਾਪੂਰਨ ਸਿੱਖਿਆ

ਕਾਂਗਰਸ ਵਾਅਦਾ ਕਾਰਦੀ ਹੈ ਕਿ ਸਰਕਾਰੀ ਸਕੂਲਾਂ ਵਿੱਚ ਜਮਾਤ ਪਹਿਲੀ ਤੋਂ ਬਾਰ੍ਹਵੀਂ ਤੱਕ ਸਕੂਲੀ ਸਿੱਖਿਆ ਲਾਜ਼ਮੀਅਤੇ ਮੁਫ਼ਤ ਹੋਵੇਗੀ। ਕਾਂਗਰਸ ਖਾਸ ਤੌਰ 'ਤੇ ਸਿੱਖਿਆ ਨਤੀਜਿਆਂ 'ਤੇ ਧਿਆਨ ਕੇਂਦਰਿਤ ਕਰੇਗੀ।ਬੱਚਿਆਂ ਲਈ ਸਕੂਲ ਦਾ ਉਚਿਤ ਬੁਨਿਆਦੀ ਢਾਂਚਾ ਅਤੇ ਯੋਗ ਅਧਿਆਪਕ ਹੋਣਗੇ। ਇਸ ਦੀ ਪ੍ਰਾਪਤੀ ਲਈ, ਕਾਂਗਰਸ 2023-24 ਤੱਕ ਸਿੱਖਿਆ ਦੀ ਬਜਟ ਵੰਡ ਨੂੰ ਦੋਗੁਣਾ ਕਰਕੇ ਜੀ.ਡੀ.ਪੀ ਦਾ 6 ਪ੍ਰਤੀਸ਼ਤ ਤੱਕ ਵਧਾਵੇਗੀ।

## 8 ਲੈਂਗਿਕ ਨਿਆਂ

ਕਾਂਗਰਸ, 17ਵੀਂ ਲੋਕ ਸਭਾ ਦੇ ਪਹਿਲੇ ਸੈਸ਼ਨ ਵਿੱਚ ਔਰਤਾਂ ਲਈ ਰਾਖਵਾਂਕਰਨ ਬਿੱਲ ਪਾਸ ਕਰਨ ਦਾ ਵਾਅਦਾ ਕਰਦੀ ਹੈ ਜੋ ਲੋਕ ਸਭਾ ਅਤੇ ਰਾਜ ਅਸੈਂਬਲੀਆਂ ਵਿੱਚ ਔਰਤਾਂ ਲਈ 33 ਪ੍ਰਤੀਸ਼ਤ ਸੀਟਾਂ ਰਾਖਵੀਂਆਂ ਕਰਨ ਨੂੰ ਮਾਨਤਾ ਦੇਵੇਗਾ। ਕਾਂਗਰਸ, ਕੇਂਦਰ ਸਰਕਾਰ ਵਿੱਚ ਸਾਰੀਆਂ ਅਸਾਮੀਆਂ ਵਿਚੋਂ 33% ਪ੍ਰਤੀਸ਼ਤ ਰਾਖਵਾਂਕਰਨ, ਔਰਤਾਂ ਨੂੰਦੇਣ ਦਾ ਵਾਅਦਾ ਕਰਦੀ ਹੈ ।

## 9 ਆਦਿਵਾਸੀ

ਕਾਂਗਰਸ ਅਨੁਸੂਚਿਤ ਜਨਜਾਤੀਆਂ ਲਈ ਜੰਗਲ ਅਧਿਕਾਰ ਐਕਟ,2006 ਨੂੰ ਸਹੀ ਅਰਥਾਂ ਵਿੱਚ ਲਾਗੂ ਕਰੇਗੀ ਅਤੇ ਇਸ ਕਾਨੂੰਨ ਦੇ ਤਹਿਤ ਦਿੱਤੇ ਗਏ ਅਧਿਕਾਰਾਂ ਦੀ ਸੁਰੱਖਿਆ ਕਰੇਗੀ। ਅਸੀਂ ਕਿਸੇ ਵੀ ਵਣਵਾਸੀ ਨੂੰ ਅਨਿਆਂਪੂਰਨ ਢੰਗ ਨਾਲ ਉਝੜਣ ਨਹੀਂ ਦੇਵਾਂਗੇ। ਕਾਂਗਰਸ ਜੰਗਲ ਦੀ ਗ਼ੈਰ ਇਮਾਰਤੀ ਲੱਕੜ ਤੋਂ ਇਲਾਵਾ ਪੈਦਾਵਾਰ (Non-Timber Forest Produce) ਲਈ ਇੱਕ ਰਾਸ਼ਟਰੀ ਆਯੋਗ ਸਥਾਪਿਤ ਕਰੇਗੀ। ਆਦਿਵਾਸੀਆਂ ਦੇ ਗੁਜ਼ਾਰੇ ਅਤੇ ਆਮਦਨ ਲਈ ਕਾਂਗਰਸ ਜੰਗਲ ਦੀ ਗ਼ੈਰ ਇਮਾਰਤੀ ਲੱਕੜ ਤੋਂ ਇਲਾਵਾ ਪੈਦਾਵਾਰ (Non-Timber Forest Produce) ਲਈ, ਨਿਊਨਤਮ ਸਮਰਥਨ ਮੁੱਲ ਪ੍ਰਦਾਨ ਕਰੇਗੀ ।

## 10 ਰਿਹਾਇਸ ਲਈ ਜ਼ਮੀਨ ਦਾ ਅਧਿਕਾਰ

ਕਾਂਗਰਸ ਉਸ ਹਰੇਕ ਗ੍ਰਾਮੀਣ ਪਰਿਵਾਰ ਨੂੰ ਜ਼ਮੀਨ ਦਾ ਇੱਕ ਹਿੱਸਾ ਦੇਣ ਲਈ ਨਿਵਾਸ ਭੂਮੀ ਅਧਿਕਾਰ ਐਕਟ ਪਾਸ ਕਰੇਗੀ, ਜਿਸ ਕੋਲ ਆਪਣਾ ਘਰ ਜਾਂ ਘਰ ਬਣਾਉਣ ਲਈ ਥਾਂ ਨਹੀਂ ਹੈ ।

## 11 ਘਿਰਣਾ ਅਪਰਾਧਾਂ ਦਾ ਖਾਤਮਾ

ਐੱਨ.ਡੀ.ਏ ਸਰਕਾਰ ਦੇ ਅਧੀਨ ਪਿਛਲੇ 5 ਸਾਲਾਂ ਵਿੱਚ ਘਿਰਣਾ ਅਪਰਾਧਾਂ ਅਤੇ ਕਮਜ਼ੋਰ ਵਰਗ ਦੇ ਲੋਕਾਂ ਵਿਰੁੱਧ ਅੱਤਿਆਚਾਰਾਂ ਵਿੱਚ ਕਈ ਗੁਣਾ ਵਾਧਾ ਹੋਇਆ ਹੈ। ਕਾਂਗਰਸ ਸਜ਼ਾ-ਮਾਫ਼ੀ ਦੀ ਭਾਵਨਾ ਖਤਮ ਕਰਨ, ਹਜੂਮੀ ਹਿੰਸਾ,ਹੱਤਿਆ, ਅੱਤਿਆਚਾਰ, ਐੱਸ.ਸੀ, ਐੱਸ.ਟੀ ਔਰਤਾਂ ਤੇ ਘੱਟ ਗਿਣਤੀ ਵਿਰੁੱਧ ਅੱਤਿਆਚਾਰ ਅਤੇ ਘਿਰਣਾ ਅਪਰਾਧਾਂਨੂੰ ਰੋਕਣ ਦਾ ਵਾਅਦਾ ਕਰਦੀ ਹੈ।ਕਾਂਗਰਸ ਦੰਗਿਆਂ, ਹਜੂਮੀ ਹਿੰਸਾ ਅਤੇ ਅਪਰਾਧਾਂ ਦੀ ਸਥਿਤੀ ਵਿੱਚ ਲਾਪਰਵਾਹੀ ਸਾਬਿਤ ਹੋਣ 'ਤੇ ਪੁਲਿਸ ਅਤੇ ਜ਼ਿਲ੍ਹਾ ਪ੍ਰਸ਼ਾਸਨ ਦੀ ਜ਼ਿੰਮੇਵਾਰੀ ਤੈਅ ਕਰੇਗੀ।

## 12 ਆਜ਼ਾਦੀ ਦਾ ਜਸ਼ਨ

ਕਾਂਗਰਸ ਭਾਰਤ ਦੇ ਸੰਵਿਧਾਨ ਦੀ ਮੂਲ ਭਾਵਨਾ ਨੂੰ ਕਾਇਮ ਰੱਖਣ ਅਤੇ ਉਸ ਦੁਆਰਾ ਪ੍ਰਦਾਨ ਆਜ਼ਾਦੀ ਨੂੰ ਸੁਰੱਖਿਅਤ ਰੱਖਣ ਦੇ ਨਾਲ-ਨਾਲ ਅਸਹਿਮਤੀ ਦੀ ਸੁਤੰਤਰਤਾ ਦੀ ਵੀ ਰੱਖਿਆ ਦਾ ਵਾਅਦਾ ਕਰਦੀ ਹੈ।ਕਾਂਗਰਸ ਨਿੱਜਤਾ 'ਤੇ ਇੱਕ ਕਾਨੂੰਨ ਪਾਸ ਕਰੇਗੀ, ਆਧਾਰ ਐਕਟ ਦੇ ਮੂਲ ਉਦੇਸ਼ਾਂਤੱਕ ਆਧਾਰ ਦੀ ਵਰਤੋਂ ਸੀਮਿਤ ਕਰੇਗੀ, ਹਰੇਕ ਨਾਗਰਿਕ ਖ਼ਾਸ ਤੌਰ 'ਤੇ ਵਿਦਿਆਰਥੀ,ਪੱਤਰਕਾਰ,ਕਲਾਕਾਰ, ਸਿਵਿਲ ਸੁਸਾਇਟੀ ਐਕਟੀਵਿਸਟ ਅਤੇ ਗ਼ੈਰ-ਸਰਕਾਰੀ ਸੰਸਥਾਵਾਂ ਦੇ ਅਧਿਕਾਰਾਂ ਨੂੰ ਸੁਰੱਖਿਅਤ ਕਰੇਗੀ। ਕਾਂਗਰਸ ਸਾਰੇ ਕਾਨੂੰਨਾਂ ਦੀ ਸਮੀਖਿਆ ਕਰੇਗੀ ਅਤੇ ਉਹਨਾਂ ਨੂੰ ਰੱਦ ਵੀ ਕਰੇਗੀਜੋ ਪੁਰਾਣੇ ਹਨ ਅਤੇ ਜੋ ਅਨਿਆਪੂਰਨ ਜਾਂ ਅਣਉੱਚਿਤ ਤੌਰ 'ਤੇ ਲੋਕਾਂ ਦੀ ਸੁਤੰਤਰਤਾ ਰੋਕਦੇ ਹਨ ।

## 13 ਸਾਡੀਆਂ ਸੰਸਥਾਵਾਂ ਨੂੰ ਸੁਰੱਖਿਅਤ ਕਰਨਾ

ਕਾਂਗਰਸ ਆਰ.ਬੀ.ਆਈ, ਈ.ਸੀ.ਆਈ, ਸੀ.ਆਈ.ਸੀ, ਸੀ.ਬੀ.ਆਈ ਆਦਿ ਵਰਗੀਆਂ ਮਹੱਤਵਪੂਰਨ ਸੰਸਥਾਵਾਂ, ਜਿਹਨਾਂ ਨੂੰ ਪਿਛਲੇ 5 ਸਾਲਾਂ ਵਿੱਚ ਐੱਨ.ਡੀ.ਏ. ਦੁਆਰਾ ਕਮਜ਼ੋਰ ਕੀਤਾ ਗਿਆ ਹੈ, ਨੂੰ ਪੁਨਰ-ਸੁਰਜੀਤ ਕਰਨ ਦਾ ਵਾਅਦਾ ਕਰਦੀ ਹੈ। ਕਾਂਗਰਸ ਇਹਨਾਂ ਸੰਸਥਾਵਾਂ ਨੂੰ ਸੰਸਦ ਪ੍ਰਤੀ ਜਵਾਬਦੇਹ ਬਣਾਕੇ ਇਹਨਾਂ ਦੇ ਸਨਮਾਨ, ਅਧਿਕਾਰ ਅਤੇ ਸੁਤੰਤਰਤਾ ਨੂੰ ਪੁਨਰ-ਸੁਰਜੀਤ ਕਰੇਗੀ। ਆਜ਼ਾਦ ਅਤੇ ਨਿਰਪੱਖ ਚੋਣਾਂ ਸੁਨਿਸ਼ਚਿਤ ਕਰਨ ਲਈ,ਅਸੀਂ ਐੱਨ.ਡੀ.ਏ. ਸਰਕਾਰ ਦੁਆਰਾ ਸ਼ੁਰੂ ਕੀਤਾ ਗਿਆ ਧੁੰਦਲੇਚੁਣਾਵੀ ਬਾਂਡ (opaque electoral bonds) ਖਤਮ ਕਰਾਂਗੇ ਅਤੇ ਰਾਸ਼ਟਰੀ ਚੋਣ ਫੰਡ ਸਥਾਪਿਤ ਕਰਾਂਗੇ ਜਿਸ ਤੋਂ ਮਾਨਤਾ ਪ੍ਰਾਪਤ ਰਾਜਨੀਤਿਕ ਦਲਾਂ ਨੂੰ ਚੋਣਾਂ ਸਮੇਂ ਧਨ ਤਕਸੀਮ ਕੀਤਾ ਜਾਵੇਗਾ।

## 14 ਸ਼ਹਿਰ ਅਤੇ ਸ਼ਹਿਰੀ ਸ਼ਾਸਨ

ਕਾਂਗਰਸ ਸ਼ਹਿਰੀ ਸ਼ਾਸਨ, ਜੀਵਨ,ਨਿਵਾਸ,ਪ੍ਰਦੂਸ਼ਨ,ਜਲਵਾਯੂ ਪਰਿਵਰਤਨ, ਸ਼ਹਿਰੀ ਆਵਾਜਾਈ ਅਤੇ ਆਫ਼ਤ ਪ੍ਰਬੰਧਨ ਸਮੇਤ ਸਾਡੇ ਨਗਰਾਂ ਅਤੇ ਸ਼ਹਿਰਾਂ ਸੰਬੰਧੀ ਮੁੱਦਿਆਂ ਦੇ ਹੱਲ ਲਈ ਸ਼ਹਿਰੀਕਰਨ 'ਤੇ ਵਿਆਪਕ ਨੀਤੀ ਲਿਆਉਣ ਦਾ ਵਾਅਦਾ ਕਰਦੀ ਹੈ।ਅਸੀਂ ਸ਼ਹਿਰੀ ਗਰੀਬਾਂ ਲਈ, ਅਸੀਂ ਨਿਵਾਸ ਦਾ ਅਧਿਕਾਰ ਅਤੇ ਮਨਮੰਨੇ ਢੰਗ ਨਾਲ ਉਜਾੜਣ ਤੋਂ ਸੁਰੱਖਿਆ ਅਤੇ ਗਰੀਬ ਬਸਤੀਆਂ ਦੇ ਸੁਧਾਰ ਅਤੇ ਪਰਿਵਰਤਨ ਦੀ ਯੋਜਨਾ ਲਿਆਉਣ ਦਾ ਵਾਅਦਾ ਕਰਦੇ ਹਾਂ। ਅਸੀਂ ਸਿੱਧੇ ਤੌਰ 'ਤੇ ਚੁਣੇ ਮੇਅਰਾਂ ਦੁਆਰਾ ਨਗਰਾਂ ਅਤੇ ਸ਼ਹਿਰਾਂ ਲਈ ਸ਼ਾਸਨ ਦਾ ਨਵਾਂ ਮਾਡਲ ਪੇਸ਼ ਕਰਾਂਗੇ। ਅਸੀਂ ਸ਼ਹਿਰ ਨੂੰ ਆਰਥਿਕ ਵਾਧੇ ਦੇ ਇੰਜਣ ਦੇ ਤੌਰ 'ਤੇ ਬਦਲਾਂਗੇ।

## 15 ਵਾਤਾਵਰਨ ਅਤੇ ਜਲਵਾਯੂ ਪਰਿਵਰਤਨ

ਕਾਂਗਰਸ, ਭਾਰਤ ਨੂੰ ਆਲਮੀ ਤਪਸ਼ ਅਤੇ ਵਾਤਾਵਰਨ ਦੀ ਸੁਰੱਖਿਆ ਵਿਰੁੱਧ ਯੁੱਧ ਵਿੱਚ ਸਭ ਤੋਂ ਅੱਗੇ ਰੱਖਣ ਲਈ ਇੱਕ ਕਾਰਜ ਏਜੰਡਾ ਲਿਆਉਣ ਦਾ ਵਾਅਦਾ ਕਰਦੀ ਹੈ ।ਸਾਡਾ ਮੰਨਣਾ ਹੈ ਕਿ ਹਵਾ ਦਾ ਪ੍ਰਦੂਸ਼ਣ ਇੱਕ ਰਾਸ਼ਰਟੀ ਸਿਹਤ ਐਮਰਜੈਂਸੀ ਹੈ ਅਤੇ ਅਸੀਂ ਮਹੱਤਵਪੂਰਨਤਰੀਕੇ ਨਾਲ ਰਾਸ਼ਟਰੀ ਸਾਫ਼ ਹਵਾ ਪ੍ਰੋਗਰਾਮ ਨੂੰ ਵਧੇਰੇ ਮਜ਼ਬੂਤ ਕਰਾਂਗੇ। ਜੰਗਲ,ਜੰਗਲੀ ਜੀਵਨ ਅਤੇ ਪਾਣੀ ਦੇ ਸਰੋਤ, ਨਦੀਆਂ, ਸਾਫ਼ ਹਵਾ ਅਤੇ ਸਮੁੰਦਰੀ ਤਟ ਦੇ ਇਲਾਕੇ ਵੱਡਮੁੱਲੇ ਕੁਦਰਤੀ ਸਾਧਨ ਹਨ, ਜਿਹਨਾਂ 'ਤੇ ਸਾਰਿਆਂ ਦਾ ਅਧਿਕਾਰ ਹੈ, ਕਾਂਗਰਸ ਉਹਨਾਂ ਦੀ ਰੱਖਿਆ ਕਰਨ ਦਾ ਵਾਅਦਾ ਕਰਦੀ ਹੈ। ਅਸੀਂ ਇੱਕ ਆਜ਼ਾਦ,ਸਮਰੱਥ ਅਤੇ ਪਾਰਦਰਸ਼ੀ ਵਾਤਾਵਰਨ ਸੁਰੱਖਿਆ ਅਥਾਰਟੀ (Environment Protection Authority) ਸਥਾਪਿਤ ਕਰਾਂਗੇ। ਜੰਗਲੀ ਵਿਭਾਗਾਂ ਦੀ ਭੂਮਿਕਾ ਪੁਨਰ-ਪਰਿਭਾਸ਼ਿਤ ਕਰਾਂਗੇ ਅਤੇ ਜੰਗਲ ਅਧੀਨ ਖੇਤਰ ਵੀ ਵਧਾਵਾਂਗੇ।



“ਮੈਂ ਆਪਣਾ ਕੀਤਾ ਕੋਈ ਵੀ ਵਾਅਦਾ ਕਦੇ ਨਹੀਂ ਤੋੜਿਆ”

— ਰਾਹੁਲ ਗਾਂਧੀ

**भारतीय राष्ट्रीय कांग्रेस**